The true picture of your local community
NZ ਤਸਵੀਰ NEWS
www.nztasveernews.co.nz | ਪੰਜਾਬੀ ਅਖ਼ਬਾਰ | NZ Tasveer News
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874730, 021874702,
www.redcleaning.co.nz

21 September 2020 Daily, editornztasveer@gmail.com designnztasveer@gmail.com Ph/Fax: 09 390 4644

# ਇਲੈਕਸ਼ਨ 2020 : ਚੋਣ ਕਮਿਸ਼ਨ ਵੱਲੋਂ ਰਾਜਨੀਤਿਕ ਪਾਰਟੀ ਅਤੇ ਉਮੀਦਵਾਰਾਂ ਦੀ ਸੂਚੀ ਦਾ ਐਲਾਨ

## 17 ਪਾਰਟੀਆਂ ਦੇ 677 ਉਮੀਦਵਾਰਾਂ ਦੀ ਕਿਸਮਤ ਦਾ ਹੋਵੇਗਾ ਫੈਸਲਾ



ਆਕਲੈਂਡ (ਐਨ. ਜ਼ੈਡ. ਤਸਵੀਰ) : ਚੋਣ ਕਮਿਸ਼ਨ ਵੱਲੋਂ ਬੀਤੇ ਦਿਨੀਂ ਇਲੈਕਸ਼ਨ 2020 ਵਿਚ ਬਾਰੇ ਵਿਸਥਾਰਪੂਰਵਕ ਜਾਣਕਾਰੀ ਮੀਡੀਆ ਨੂੰ ਦਿੱਤੀ। ਚੋਣ ਕਮਿਸ਼ਨ ਨੇ ਕਿਹਾ ਕਿ ਹੁਣ ਨਾਮਜ਼ਦਗੀਆਂ ਬੰਦ ਕਰ ਦਿੱਤੀਆਂ ਗਈਆਂ ਹੈ, ਇਲੈਕਸ਼ਨ ਵਿਚ 17 ਰਾਜਨੀਤਿਕ ਪਾਰਟੀਆਂ ਦੇ 677 ਉਮੀਦਵਾਰ ਹਿੱਸਾ ਲੈਣਗੇ। ਵੋਟਾਂ 19 ਸਤੰਬਰ ਨੂੰ ਹੋਣੀਆਂ ਸਨ ਪਰ ਕੋਵਿਡ 19 ਦੇ ਚਲਦਿਆਂ ਕੁਝ ਪਾਰਟੀਆਂ ਵੱਲੋਂ ਸਹੀ ਪ੍ਰਚਾਰ ਨਾ ਹੋਣ ਦੀ ਸ਼ਿਕਾਇਤ ਚੋਣ ਕਮਿਸ਼ਨਰ ਨੂੰ ਕੀਤੀ ਗਈ ਸੀ। ਇਲੈਕਸ਼ਨ ਵਿਚ ਹਿੱਸਾ ਲੈਣ ਵਾਲੀਆਂ ਪਾਰਟੀਆਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ : ਐਕਟ ਨਿਊਜ਼ੀਲੈਂਡ, ਐਡਵਾਂਸ ਐਨ. ਜ਼ੈਡ., Aotearoa Legalise Cannabis Party, ਗ੍ਰੀਨ ਪਾਰਟੀ, ਹਾਰਟਲੈਂਡ ਐਨ. ਜ਼ੈਡ., ਲੇਬਰ ਪਾਰਟੀ, ਮਿਊਰੀ ਪਾਰਟੀ, ਨੈਸ਼ਨਲ ਪਾਰਟੀ, ਨਿਊ ਕੰਜ਼ਰਵੇਟਿਵ ਪਾਰਟੀ, ਨਿਊਜ਼ੀਲੈਂਡ ਫਸਟ ਪਾਰਟੀ, ਐਨ.ਜ਼ੈਡ. ਆਊਟਡੋਰ ਪਾਰਟੀ, ਵਨ ਪਾਰਟੀ, ਸ਼ੋਸਲ ਕ੍ਰੈਡਿਟ, Sustainable New Zealand Party, ਟੀਈਏ ਪਾਰਟੀ, The Opportunities Party (TOP), ਵਿਜ਼ਨ ਨਿਊਜ਼ੀਲੈਂਡ ਪਾਰਟੀ ਵੱਲੋਂ ਇਨ੍ਹਾਂ ਇਲੈਕਸ਼ਨ ਵਿਚ ਹਿੱਸਾ ਲਿਆ ਜਾਵੇਗਾ।

# ਦੁਨੀਆਂ ਭਰ 'ਚ ਹੁਣ ਤਕ 3.12 ਕਰੋੜ ਕੋਰੋਨਾ ਕੇਸ, ਨਵੇਂ ਕੇਸਾਂ ਤੇ ਮੌਤਾਂ ਦਾ ਸਿਲਸਿਲਾ ਜਾਰੀ

ਆਕਲੈਂਡ (ਐਨ. ਜ਼ੈਡ. ਤਸਵੀਰ) ਦੁਨੀਆਂ ਭਰ 'ਚ ਹਰ ਦਿਨ ਦੋ ਲੱਖ ਤੋਂ ਜਿਆਦਾ ਕੋਰੋਨਾ ਦੇ ਨਵੇਂ ਮਾਮਲੇ ਸਾਹਮਣੇ ਆ ਰਹੇ ਹਨ। ਪਿਛਲੇ 24 ਘੰਟਿਆਂ 'ਚ ਦੁਨੀਆਂ 'ਚ ਦੋ ਲੱਖ 43 ਹਜਾਰ ਨਵੇਂ ਮਾਮਲੇ ਸਾਹਮਣੇ ਆਏ ਅਤੇ 3,890 ਲੋਕਾਂ ਦੀ ਜਾਨ ਚਲੇ ਗਈ। ਰਾਹਤ ਦੀ ਗੱਲ ਇਹ ਹੈ ਕਿ ਤਿੰਨ ਕਰੋੜ ਮਰੀਜਾਂ 'ਚੋਂ ਸਵਾ ਦੋ ਕਰੋੜ ਤੋਂ ਜਿਆਦਾ ਠੀਕ ਵੀ ਹੋਏ ਹਨ। ਦੁਨੀਆਂ ਭਰ 'ਚ ਹੁਣ ਤਕ ਤਿੰਨ ਕਰੋੜ, 12 ਲੱਖ ਲੋਕ ਕੋਰੋਨਾ ਇਨਫੈਕਟਡ ਹੋ ਚੁੱਕੇ ਹਨ। ਇਸ 'ਚ 9 ਲੱਖ, 64 ਹਜਾਰ ਲੋਕਾਂ ਨੇ ਆਪਣੀ ਜਾਨ ਗਵਾ ਦਿੱਤੀ ਹੈ। ਉੱਥੇ ਹੀ ਦੋ ਕਰੋੜ, 28 ਲੱਖ ਤੋਂ ਜਿਆਦਾ ਮਰੀਜ ਠੀਕ ਚੁੱਕੇ ਹਨ। ਪੂਰੀ ਦੁਨੀਆਂ 'ਚ 74 ਲੱਖ ਤੋਂ ਜਿਆਦਾ ਐਕਟਿਵ ਕੇਸ ਹਨ। ਯਾਨੀ ਕਿ ਫਿਲਹਾਲ ਏਨੇ ਲੋਕਾਂ ਦਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਕੋਰੋਨਾ ਪ੍ਰਭਾਵਿਤ ਮੁਲਕਾਂ 'ਚ ਅਮਰੀਕਾ ਪਹਿਲੇ ਨੰਬਰ 'ਤੇ ਹੈ। ਜਿੱਥੇ ਹੁਣ ਤਕ 70 ਲੱਖ ਤੋਂ ਜਿਆਦਾ ਲੋਕ ਵਾਇਰਸ ਦੇ ਸ਼ਿਕਾਰ ਹੋ ਚੁੱਕੇ ਹਨ। ਅਮਰੀਕਾ 'ਚ ਪਿਛਲੇ 24 ਘੰਟਿਆਂ 'ਚ 33 ਹਜਾਰ ਤੋਂ ਜਿਆਦਾ ਨਵੇਂ ਕੇਸ ਆਏ ਹਨ। ਉੱਥੇ ਬ੍ਰਾਜੀਲ 'ਚ 24 ਘੰਟਿਆਂ 'ਚ 16 ਹਜਾਰ ਤੋਂ ਜਿਆਦਾ ਮਾਮਲੇ ਆਏ ਹਨ। ਦੁਨੀਆਂ 'ਚ ਕੋਰੋਨਾ ਮਾਮਲਿਆਂ 'ਚ ਨੰਬਰ-2 ਸਥਾਨ 'ਤੇ ਪਹੁੰਚ ਚੁੱਕੇ ਭਾਰਤ 'ਚ ਹਰ ਦਿਨ ਸਭ ਤੋਂ ਜਿਆਦਾ ਨਵੇਂ ਕੇਸ ਸਾਹਮਣੇ ਆ ਰਹੇ ਹਨ।

# ਇਸ ਦੇਸ ਵਿੱਚ ਕੋਰੋਨਾ ਮਹਾਂਮਾਰੀ ਦਾ ਦੂਜਾ ਦੌਰ ਸ਼ੁਰੂ, ਲੋਕ ਕਰ ਰਹੇ ਹਨ ਦਾ ਵਿਰੋਧ

ਲੰਡਨ: ਬ੍ਰਿਟੇਨ ਦੀ ਰਾਜਧਾਨੀ ਲੰਡਨ ਵਿਚ ਦੁਬਾਰਾ ਹੋਣ ਨਾਲ ਵਿਰੋਧ ਪ੍ਰਦਰਸਨ ਮੁੜ ਸੁਰੂ ਹੋ ਗਏ ਹਨ, ਹਾਲਾਂਕਿ ਸਰਕਾਰ ਨੇ ਚਿਤਾਵਨੀ ਦਿੱਤੀ ਹੈ ਕਿ ਬ੍ਰਿਟੇਨ ਵਿਚ ਕੋਰੋਨਾ ਮਹਾਂਮਾਰੀ ਦਾ ਦੂਜਾ ਦੌਰ ਸੁਰੂ ਹੋ ਸਕਦਾ ਹੈ ਕਿਉਂਕਿ ਲੋਕ ਇਕ ਜਗ੍ਹਾ 'ਤੇ ਇਕੱਠੇ ਹੁੰਦੇ ਹਨ, ਪਰਹੇਜ ਕਰਨ ਦੀ ਲੋੜ ਹੈ। ਇਸ ਦੌਰਾਨ, ਲੰਡਨ ਦੇ ਟ੍ਰੈਫਲਗਰ ਚੌਕ ਵਿੱਚ ਪ੍ਰਦਰਸਨਕਾਰੀਆਂ ਦੀ ਇੱਕ ਵੱਡੀ ਭੀੜ ਇਕੱਠੀ ਹੋਈ, ਜਿਸ ਲਈ ਸਰਕਾਰ ਨੇ ਚਿੰਤਾ ਜਾਹਰ ਕੀਤੀ ਹੈ। ਬ੍ਰਿਟਿਸ ਨੇ ਦੇਸ ਵਿਚ ਕੋਰੋਨਾ ਮਹਾਂਮਾਰੀ ਦੇ ਦੂਜੇ ਦੌਰ ਦੀ ਸੁਰੂਆਤ ਬਾਰੇ ਚਿੰਤਾ ਜਾਹਰ ਕੀਤੀ ਹੈ। ਉਸਨੇ ਕਿਹਾ, 'ਮੈਂ ਸਪੇਨ ਅਤੇ ਫਰਾਂਸ ਸਮੇਤ ਯੂਰਪ ਵਿਚ ਮਹਾਂਮਾਰੀ ਦੇ ਵੱਧ ਰਹੇ ਮਾਮਲਿਆਂ ਤੋਂ ਡਰ ਰਿਹਾ ਹਾਂ।' ਹਾਲਾਂਕਿ, ਉਸਨੇ ਬ੍ਰਿਟੇਨ ਵਿੱਚ ਦੂਸਰਾ ਤਾਲਾਬੰਦ ਹੋਣ ਕਾਰਨ 'ਆਰਥਿਕ ਬਰਬਾਦੀ' ਹੋਣ ਦਾ ਡਰ ਜਾਹਰ ਕੀਤਾ ਅਤੇ ਕਿਹਾ ਕਿ ਤਾਲਾਬੰਦੀ 'ਆਖਰੀ ਵਿਕਲਪ' ਹੈ।ਬ੍ਰਿਟੇਨ ਵਿਚ ਕੋਰੋਨਾ ਮਹਾਂਮਾਰੀ ਕਾਰਨ ਹੁਣ ਤਕ 41,000 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜੋ ਕਿ ਅਜਿਹੇ ਛੋਟੇ ਦੇਸ ਅਨੁਸਾਰ ਚਿੰਤਾਜਨਕ ਸਥਿਤੀ ਹੈ। ਇਸ ਦੌਰਾਨ, ਕੋਰੋਨਾ ਦੇ ਵੱਧ ਰਹੇ ਕੇਸਾਂ ਕਾਰਨ ਸਰਕਾਰ ਨੇ ਬ੍ਰਿਟੇਨ ਦੇ ਉੱਤਰ ਪੂਰਬੀ, ਉੱਤਰੀ ਪੱਛਮੀ, ਉੱਤਰੀ ਅਤੇ ਕੇਂਦਰੀ ਖੇਤਰਾਂ ਵਿੱਚ ਸਖਤ ਤਾਲਾਬੰਦੀ ਦੇ ਨਿਯਮ ਲਾਗੂ ਕੀਤੇ ਹਨ ਤਾਂ ਜੋ ਕੋਰੋਨਾ ਦੇ ਮਹਾਂਮਾਰੀ ਦੇ ਵੱਧ ਰਹੇ ਮਾਮਲਿਆਂ ਨੂੰ ਰੋਕਿਆ ਜਾ ਸਕੇ। ਬੋਰਿਸ ਜੌਹਨਸਨ ਨੇ ਕਿਹਾ, "ਪਿਛਲੇ ਕੁਝ ਹਫਤਿਆਂ ਵਿੱਚ, ਸੰਕਰਮਿਤ ਦੀ ਗਿਣਤੀ ਤੇਜੀ ਨਾਲ ਵੱਧ ਰਹੀ ਹੈ, ਜੋ ਕੋਰੋਨਾ ਦੀ ਲਾਗ ਦੇ ਦੂਜੇ ਦੌਰ ਦੀ ਸੁਰੂਆਤ ਹੋ ਸਕਦੀ ਹੈ।" ਯੂਕੇ ਵਿਚ, ਕੋਰੋਨਾ ਵਾਇਰਸ ਨਾਲ ਸੰਕਰਮਿਤ ਲੋਕਾਂ ਦੀ ਗਿਣਤੀ ਤੇਜੀ ਨਾਲ ਵਧੀ ਹੈ. ਪਿਛਲੇ ਕੁਝ ਸਮੇਂ ਵਿਚ ਦੋਹਰੇ ਤੋਂ ਵੱਧ ਵਿਅਕਤੀ ਹਸਪਤਾਲਾਂ ਵਿਚ ਦਾਖਲ ਹੋਏ ਹਨ. ਯੂਕੇ ਦੇ ਪਬਲਿਕ ਹੈਲਥ ਮੈਡੀਕਲ ਡਾਇਰੈਕਟਰ ਯਵੋਨ ਡੋਇਲ ਨੇ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲਾ ਸਮਾਂ ਹੋਰ ਵੀ ਮਾੜਾ ਹੋ ਸਕਦਾ ਹੈ।

# ਜੈਸਿੰਡਾ ਨੇ ਸਮਾਜਿਕ ਦੂਰੀ ਦੇ ਨਿਯਮਾਂ ਨੂੰ ਕੀਤਾ ਦਰ-ਕਿਨਾਰ, ਪ੍ਰਸ਼ੰਸਕਾਂ ਨਾਲ ਲਈਆਂ ਸੈਲਫੀਆਂ

ਵੈਲਿੰਗਟਨ (ਬਿਊਰੋ): ਨਿਊਜੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਰਡਨ ਬੀਤੇ ਦਿਨੀਂ ਪਲਾਮਰਸਟਨ ਨਾਰਥ ਵਿਖੇ ਚੋਣ ਪ੍ਰਚਾਰ ਕਰਨ ਪਹੁੰਚੀ। ਇਸ ਦੌਰਾਨ ਉਹਨਾਂ ਨੇ ਆਪਣੇ ਪ੍ਰਸ਼ੰਸਕਾਂ ਨੂੰ ਖੁਸ਼ ਕਰਨ ਲਈ ਸੈਲਫੀਆਂ ਲਈਆਂ। ਅਜਿਹਾ ਉਹਨਾਂ ਨੇ ਕੋਰੋਨਾ ਕਾਰਨ ਮਿੱਥੀ ਗਈ ਸਮਾਜਿਕ ਦੂਰੀ ਦੇ ਨਿਯਮਾਂ ਨੂੰ ਦਰਕਿਨਾਰ ਕਰਦਿਆਂ ਕੀਤਾ। ਅਜਿਹਾ ਕਰਨ 'ਤੇ ਜੈਸਿੰਡਾ ਦੀ ਸੋਸ਼ਲ ਮੀਡੀਆ 'ਤੇ ਕਾਫੀ ਖਿਚਾਈ ਕੀਤੀ ਜਾ ਰਹੀ ਹੈ। ਸੋਸ਼ਲ ਮੀਡੀਆ 'ਤੇ ਕਈ ਲੋਕ ਤਾਂ ਇੱਥੋਂ ਤੱਕ ਕਹਿ ਰਹੇ ਹਨ ਕਿ ਕਾਨੂੰਨਾਂ ਨੂੰ ਬਣਾਉਣ ਵਾਲੇ ਹੀ ਜੇਕਰ ਕਾਨੂੰਨਾਂ ਦਾ ਧਿਆਨ ਨਾ ਰੱਖਣ, ਕਾਨੂੰਨਾਂ ਦੀ ਪਾਲਣਾ ਨਾ ਕਰਨ ਤਾਂ ਫਿਰ ਇਸ ਬੀਮਾਰੀ ਤੋਂ ਬਚਾਅ ਕਿਵੇਂ ਹੋਵੇਗਾ। ਇਸ ਸਮੇਂ ਸਾਰਾ ਵਿਸ਼ਵ ਹੀ ਕੋਵਿਡ-19 ਜਿਹੀ ਭਿਆਨਕ ਬੀਮਾਰੀ ਨਾਲ ਲੜ-ਮਰ ਰਿਹਾ ਹੈ। ਇਹ ਕਾਨੂੰਨ ਵੀ ਇਸ ਮਹਾਮਾਰੀ ਤੋਂ ਬਚਾਉ ਲਈ ਹੀ ਸਰਕਾਰ ਦੇ ਆਪਣੇ ਦੁਆਰਾ ਹੀ ਬਣਾਏ ਗਏ ਹਨ।

ਕਈਆਂ ਨੇ ਇਹ ਵੀ ਕਿਹਾ ਕਿ ਕਾਨੂੰਨ ਵਿਵਸਥਾ ਦੀ ਪਾਲਣਾ ਨਾ ਕਰਨ ਤੇ ਆਮ ਲੋਕਾਂ ਨੂੰ ਤਾਂ ਤੁਰੰਤ ਜੁਰਮਾਨੇ ਲਗਾ ਦਿੱਤੇ ਜਾਂਦੇ ਹਨ ਪਰ ਹੁਣ ਸਰਕਾਰ ਆਪਣੇ ਆਪ ਨੂੰ ਹੀ ਕਿੰਨੇ ਅਤੇ ਕਦੋਂ ਜੁਰਮਾਨੇ ਲਗਾਏਗੀ। ਦੂਸਰੇ ਪਾਸੇ ਪ੍ਰਧਾਨ ਮੰਤਰੀ ਦਫ਼ਤਰ ਦੇ ਬਿਆਨਾਂ ਮੁਤਾਬਕ, ਪ੍ਰਧਾਨ ਮੰਤਰੀ ਨੇ ਤਾਂ ਸਮਾਜਿਕ ਦੂਰੀ ਬਣਾਉਣ ਦੀ ਬਹੁਤ ਕੋਸ਼ਿਸ਼ ਕੀਤੀ ਸੀ ਪਰ ਕਈ ਵਾਰੀ ਅਜਿਹੇ ਖੁੱਲ੍ਹੇ ਪ੍ਰਚਾਰਾਂ ਦੌਰਾਨ ਪ੍ਰਸ਼ੰਸਕਾਂ ਕੋਲੋਂ ਦੂਰੀ ਬਣਾਉਣਾ ਅਸੰਭਵ ਵੀ ਹੋ ਜਾਂਦਾ ਹੈ ਅਤੇ ਅਜਿਹਾ ਹੀ ਬੀਤੇ ਵੀਰਵਾਰ ਨੂੰ ਪਲਾਮਰਸਟਨ ਨਾਰਥ ਵਿੱਖੇ ਹੋਇਆ। ਉੱਧਰ ਏ.ਸੀ.ਟੀ. ਨੇਤਾ ਸੀਮੌਰ ਨੇ ਸੈਲਫੀ ਨੂੰ ਦਿਖਾਵਾ ਦੱਸਿਆ। ਅਰਡਰਨ ਨੂੰ ਵੀਰਵਾਰ ਨੂੰ ਘੱਟੋ ਘੱਟ ਇਕ ਦਰਜਨ ਲੋਕਾਂ ਨਾਲ ਸੈਲਫੀ ਲੈਂਦੇ ਹੋਏ ਤਸਵੀਰਾਂ ਖਿਚਵਾਈਆਂ ਸਨ।

## ਕੋਰੋਨਾ ਵਾਇਰਸ ਅਪਡੇਟ

# ਆਕਲੈਂਡ ਚੇਤਾਵਨੀ ਪੱਧਰ 2 'ਤੇ ਬਾਕੀ ਨਿਊਜ਼ੀਲੈਂਡ ਨੂੰ ਚੇਤਾਵਨੀ ਪੱਧਰ 1 'ਤੇ ਰੱਖਿਆ ਜਾਵੇਗਾ : ਪ੍ਰਧਾਨ ਮੰਤਰੀ

ਆਕਲੈਂਡ (ਐਨ. ਜ਼ੈਡ. ਤਸਵੀਰ): ਕੋਰੋਨਾ ਵਾਇਰਸ ਦੇ ਚਲਦਿਆਂ ਆਕਲੈਂਡ ਬੁੱਧਵਾਰ ਰਾਤ ਨੂੰ ਅਲਰਟ ਪੱਧਰ 2 'ਤੇ ਤਬਦੀਲ ਕਰ ਦਿੱਤਾ ਜਾਵੇਗਾ ਜਦੋਂ ਕਿ ਬਾਕੀ ਦੇਸ਼ ਵਿਚ ਅਲਰਟ ਪੱਧਰ 1 ਜਾਰੀ ਰਹੇਗਾ, ਇਹ ਖੁਲਾਸਾ ਪ੍ਰਧਾਨ ਮੰਤਰੀ ਨੇ ਅੱਜ ਕੀਤਾ। ਸਰਕਾਰ ਨੇ ਪਹਿਲਾਂ ਹੀ ਨਿਊਜ਼ੀਲੈਂਡ ਨੂੰ ਇਕੱਤਰ ਕਰਨ 'ਤੇ ਅਸਾਨ ਪਾਬੰਦੀਆਂ ਦੇ ਨਾਲ ਨਿਊਜ਼ੀਲੈਂਡ ਨੂੰ ਚੇਤਾਵਨੀ ਦੇ ਪੱਧਰ 1 ਅਤੇ ਆਕਲੈਂਡ ਨੂੰ ਚੇਤਾਵਨੀ ਦੇ ਪੱਧਰ 2 ਵੱਲ ਲਿਜਾਣ ਲਈ ਸਿਧਾਂਤਕ ਤੌਰ' ਤੇ ਸਹਿਮਤੀ ਦੇ ਦਿੱਤੀ ਸੀ ਪਰ ਅੱਜ ਅੰਤਮ ਫੈਸਲਾ ਲਿਆ ਗਿਆ। ਇਸਦਾ ਮਤਲਬ ਹੈ ਕਿ 100 ਤੱਕ ਲੋਕਾਂ ਦੇ ਇਕੱਠ ਕਰਨ ਦੀ ਇਜਾਜ਼ਤ ਹੋਵੇਗੀ। ਬਾਕੀ ਨਿਊਜ਼ੀਲੈਂਡ ਅੱਜ ਰਾਤ 11.59 ਵਜੇ ਅਲਰਟ ਪੱਧਰ 1 ਤੇ ਪਹੁੰਚ ਜਾਵੇਗਾ। ਆਡਰਨ ਨੇ ਆਕਲੈਂਡ ਲਈ ਅਲਰਟ ਪੱਧਰ 2 ਦੀ ਉਡੀਕ ਕੀਤੀ ਤਾਂ ਜੋ ਸਹੀ ਆਦੇਸ਼ ਤਿਆਰ ਕੀਤੇ ਜਾ ਸਕਣ। ਤਬਦੀਲੀ ਤਕ, ਆਕਲੈਂਡ ਇਕ ਉੱਚੀ ਚੇਤਾਵਨੀ ਪੱਧਰ 2 ਤੇ ਹੈ, ਜਿਸਦਾ ਪੱਧਰ 2.5 ਹੈ, ਜਿਸ ਵਿਚ ਅੰਤਮ ਸੰਸਕਾਰਾਂ ਅਤੇ ਟਾਂਗੀਹੰਗਾਂ ਨੂੰ ਛੱਡ ਕੇ 10 ਲੋਕਾਂ ਨੂੰ ਇਕੱਤਰ ਕੀਤਾ ਗਿਆ ਜਿਸ ਵਿਚ 50 ਦੀ ਆਗਿਆ ਹੈ। ਕੈਬਨਿਟ ਸੋਮਵਾਰ, 5 ਅਕਤੂਬਰ ਨੂੰ ਦੁਬਾਰਾ ਅਲਰਟ ਦੇ ਪੱਧਰ ਦੀ ਸਮੀਖਿਆ ਕਰੇਗੀ। ਆਕਲੈਂਡ ਵਿੱਚ ਜਨਤਕ ਟ੍ਰਾਂਸਪੋਰਟ ਮਾਸਕ ਪਾਉਣਾ ਲਾਜ਼ਮੀ ਹੋਵੇਗਾ, ਹਾਲਾਂਕਿ ਬਾਕੀ ਨਿਊਜ਼ੀਲੈਂਡ ਵਿਚ ਫੇਸ ਕਵਰ ਕਰਨਾ ਲਾਜ਼ਮੀ ਨਹੀਂ ਹੋਵੇਗਾ

**ਅੱਜ ਕੋਈ ਨਵਾਂ ਕੇਸ ਨਹੀਂ**

ਸਿਹਤ ਦੇ ਡਾਇਰੈਕਟਰ ਜਨਰਲ ਐਸ਼ਲੇ ਬਲੂਮਫੀਲਡ ਅੱਜ ਕੋਵਿਡ ਦਾ ਨਵਾਂ ਕੇਸ ਨਹੀਂ ਆਇਆ ਹੈ, ਜਿਸ ਨਾਲ ਸਾਨੂੰ ਹੌਂਸਲਾ ਵੀ ਮਿਲਿਆ ਹੈ। ਪ੍ਰਬੰਧਿਤ ਅਲੱਗ-ਥਲੱਗ ਹੋਣ 'ਤੇ ਸਕਾਰਾਤਮਕ ਟੈਸਟ ਕਰਨ ਵਾਲੇ ਆਦਮੀਂ' ਤੇ, ਬਲੂਮਫੀਲਡ ਨੇ ਕਿਹਾ ਕਿ ਮਾਡਲਿੰਗ ਨੇ ਮੌਜੂਦਾ ਅਲੱਗ ਅਲੱਗ ਅਲੱਗ ਸਮੇਂ ਅਤੇ ਪ੍ਰੀਖਣ ਦਾ ਸਮਰਥਨ ਕੀਤਾ. ਬਲੂਮਫੀਲਡ ਨੇ ਕਿਹਾ ਕਿ ਰਹੱਸ ਦੇ ਕੇਸ ਦੀ ਉਸਦੀ ਹਰਕਤ ਲਈ ਤਾਰੀਫ ਕੀਤੀ ਜਾਣੀ ਚਾਹੀਦੀ ਹੈ, ਅਤੇ ਉਸਨੇ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਦੀ ਉਨ੍ਹਾਂ ਦੀ "ਤੇਜ਼-ਸੋਚ" ਲਈ ਧੰਨਵਾਦ ਕੀਤਾ ਕਿਉਂਕਿ ਇਸ ਨੇ ਵਾਇਰਸ ਨੂੰ ਹੋਰ ਫੈਲਣ ਤੋਂ ਬਚਾ ਲਿਆ।

# ਸੜਕ ਹਾਦਸੇ ਵਿਚ ਮੋਟਰ ਸਾਈਕਲ ਸਵਾਰ ਦੀ ਮੌਤ



ਆਕਲੈਂਡ (ਐਨ. ਜ਼ੈਡ. ਤਸਵੀਰ): ਇੱਕ ਨੌਜਵਾਨ ਮੋਟਰ ਸਾਈਕਲ ਸਵਾਰ ਦੀ ਸੜਕ ਹਾਦਸੇ ਦੌਰਾਨ ਮੌਤ ਹੋਣ ਦਾ ਸਮਾਚਾਰ ਮਿਲਿਆ ਹੈ। ਇਹ ਹਾਦਸਾ ਐਤਵਾਰ ਸਵੇਰੇ ਲਗਭਗ 3.45 ਵਜੇ ਹੋਇਆ। ਹਾਦਸੇ ਦੀ ਖ਼ਬਰ ਮਿਲਦਿਆਂ ਹੀ ਐਮਰਜੈਂਸੀ ਸੇਵਾਵਾਂ ਨੂੰ ਹਾਦਸੇ ਵਾਲੀ ਜਗ੍ਹਾਂ 'ਤੇ ਬੁਲਾਇਆ ਗਿਆ। ਮਾਰੇ ਗਏ ਨੌਜਵਾਨ ਦੀ ਉਮਰ 18 ਸਾਲ ਦੱਸੀ ਜਾ ਰਹੀ ਹੈ। ਜਦੋਂ ਕਿ ਇੱਕ ਹੋਰ ਵਿਅਕਤੀ ਇਸ ਹਾਦਸੇ ਵਿਚ ਜ਼ਖਮੀ ਹੋ ਗਿਆ ਉਸ ਨੂੰ ਡੁਨੇਡਿਨ ਹਸਤਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ, ਮੁੱਢਲੇ ਇਲਾਜ ਤੋਂ ਬਾਅਦ ਉਸ ਨੂੰ ਹਸਪਤਾਲ ਵਿਚੋਂ ਛੁੱਟੀ ਦੇ ਦਿੱਤੀ ਗਈ। ਮਾਰਿਆ ਗਿਆ ਨੌਜਵਾਨ ਕਈ ਮੋਟਰ ਸਾਈਕਲ ਦੌੜਾਂ ਵਿਚ ਸ਼ਾਮਲ ਹੋ ਚੁੱਕਿਆ ਸੀ ਅਤੇ ਉਸ ਨੇ 250 ਸੀਸੀ ਕਲਾਸ ਵਿਚ ਪੰਜ ਰੇਸਾਂ ਵੀ ਜਿੱਤੀਆਂ ਹੋਈਆਂ ਸਨ। ਇੰਸਟਾਗ੍ਰਾਮ ਪੋਸਟ ਵਿਚ ਨੌਜਵਾਨ ਨੂੰ ਕਈ ਲੋਕਾਂ ਵੱਲੋਂ ਸ਼ਰਧਾਂਜਲੀ ਵੀ ਦਿੱਤੀ ਗਈ। ਪੋਸਟ ਵਿਚ ਮੋਟਰਸਾਈਕਲ ਡੀਲਰਸ਼ਿਪ ਨੇ ਉਸ ਦੇ ਪਰਿਵਾਰ ਨਾਲ ਹਮਦਰਦੀ ਜਾਹਰ ਕੀਤੀ। "18 ਸਾਲ ਦੀ ਛੋਟੀ ਉਮਰ ਵਿਚ ਅਜਿਹਾ ਪ੍ਰਤਿਭਾਵਾਨ ਮੋਟਰਸਾਈਕਲ ਸਵਾਰ ਅਤੇ ਆਪਣੇ ਕੈਰੀਅਰ ਦੌਰਾਨ ਬਹੁਤ ਸਾਰੇ ਐਨ ਜੇਡ ਖਿਤਾਬ ਹਾਸਲ ਕਰਦਾ ਹੋਇਆ। ਇਸ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ, ਜਿਸ ਵਿਚ ਲਾਲ ਮਿਤਸੁਬੀਸੀ ਵਾਹਨ ਸੜਕ ਤੋਂ ਲਗਭਗ 15 ਮੀਟਰ ਹੇਠਾਂ ਰੇਲਵੇ ਲਾਈਨ ਵੱਲ ਜਾ ਰਿਹਾ ਸੀ।

Matrimonial
Wanted Suitable match for Jatt Sikh professionally qualified, MBA. May 1983 5"10', Permanent Resident, residing in Auckland New Zealand. Well Established Officers family. Seeking qualified girl from New Zealand or India, caste no bar. Please contact +6421383595"
14 days

Matrimonial
Only Jat sikh PQM match for 31 years old 5.5 girl B.tech, Grad Dip PR applied.
Contact 02102450026
14 days